

# ਫ਼ਾਊਂਡਰੀ ਕਿਵੇਂ ਵੱਖ ਹੈ:
# ਨੌਜਵਾਨਾਂ ਲਈ ਏਕੀਕ੍ਰਿਤ ਸੇਵਾਵਾਂ (ਆਈ.ਵਾਈ.ਐੱਸ.) 101

**ਕਈ ਲੋਕਾਂ ਦੀ ਤੰਦਰੁਸਤੀ ਇੱਕੋ ਸਮੇਂ ਤੇ ਕਈ ਕਾਰਨਾਂ ਕਰ ਕੇ ਪ੍ਰਭਾਵਿਤ ਹੁੰਦੀ ਹੈ। ਇਸ ਵਿਚ ਸਰੀਰਕ ਸਿਹਤ, ਮਾਨਸਿਕ ਸਿਹਤ, ਸਕੂਲ, ਜਾਂ ਨੌਕਰੀ ਦੀ ਭਾਲ ਕਰਨੀ ਜਾਂ ਰਹਿਣ ਲਈ ਘਰ ਲੱਭਣ ਜਿਹੇ ਮੁੱਦੇ ਸ਼ਾਮਲ ਹੋ ਸਕਦੇ ਹਨ। ਬੇਸ਼ੱਕ ਉਹ ਜਾਣਦੇ ਹਨ ਕਿ ਐਸੀ ਸਥਿੱਤੀ ਵਿਚ ਮਦਦ ਉਪਲਬਧ ਹੋਣੀ ਚਾਹੀਦੀ ਹੈ, ਪਰ ਇਹ ਪਤਾ ਲਗਾਉਣਾ ਕਿ ਕਿਥੋਂ/ਕਿਵੇਂ ਸ਼ੁਰੂ ਕਰਾਂ ਇੱਕ ਬੋਝ ਮਹਿਸੂਸ ਹੁੰਦਾ ਹੈ – ਇਹ ਖ਼ਾਸ ਕਰ ਨੌਜਵਾਨਾਂ ਲਈ ਸੱਚ ਹੈ ਜੋ ਜ਼ਿੰਦਗੀ ਵਿਚ ਬਦਲਾਅ ਦੇ ਵੱਡੇ ਪੜਾਵਾਂ ਵਿਚੋਂ ਗੁਜ਼ਰ ਰਹੇ ਹੁੰਦੇ ਹਨ।**

ਜੇ ਨੌਜਵਾਨ ਇੱਕ ਜਗ੍ਹਾ ਤੇ ਵਿਅਕਤੀਗਤ ਤੌਰ ਤੇ ਜਾਂ ਵਰਚੂਅਲੀ ਜਾ ਕੇ ਸਾਰੀਆਂ ਸਮੱਸਿਆਵਾਂ ਲਈ ਮਦਦ ਲੈ ਸਕੇ ਤਾਂ?

**ਨੌਜਵਾਨਾਂ ਲਈ ਏਕੀਕ੍ਰਿਤ ਸੇਵਾਵਾਂ** (ਆਈ.ਵਾਈ.ਐੱਸ./ IYS) ਪਿੱਛੇ ਇਹੀ ਮੁੱਖ ਵਿਚਾਰ ਹੈ। IYS ਤੇ ਨੌਜਵਾਨ ਇੱਕ ਜਗ੍ਹਾ ਤੇ ਜਾਂਦਾ ਹੈ ਤਾਂ ਸੇਵਾਵਾਂ ਉਪਲਬਧ ਕਰਵਾਉਣ ਵਾਲੇ (ਜਿਨ੍ਹਾਂ ਵਿਚ ਡਾਕਟਰ, ਨਰਸਾਂ, ਕੌਂਸਲਰ, ਪੀਰ ਸਪੋਰਟ ਵਰਕਰ ਅਤੇ ਕਈ ਹੋਰ) ਸਭ ਉਸ ਨਾਲ ਮਿਲ ਕੇ ਜੋ ਵੀ ਮਦਦ ਚਾਹੀਦੀ ਹੈ ਬਿਨਾਂ ਕਿਸੇ ਰੈਫ਼ਰਲ ਦੇ ਉਪਲਬਧ ਕਰਵਾਈ ਜਾਂਦੀ ਹੈ। ਇਨ੍ਹਾਂ ਸਾਰੀਆਂ ਸੇਵਾਵਾਂ ਨੂੰ ਇੱਕ ਜਗ੍ਹਾ **ਏਕੀਕ੍ਰਿਤ/ਇਕੱਠਿਆਂ** ਕਰਨ ਕਰ ਕੇ ਨੌਜਵਾਨ ਨੂੰ ਬਾਰ ਬਾਰ ਰੈਫ਼ਰਲ ਲੈਣ ਦੀ ਜ਼ਰੂਰਤ ਨਹੀਂ ਰਹਿੰਦੀ ਅਤੇ ਨਾ ਹੀ ਨਵੀਆਂ ਜਗ੍ਹਾਂ ਤੇ ਜਾ ਕੇ ਆਪਣੀ ਕਹਾਣੀ ਦੁਹਰਾਉਣੀ ਪੈਂਦੀ ਹੈ। ਇਸ ਦੀ ਬਜਾਏ ਨੌਜਵਾਨ ਇੱਕੋ ਜਗ੍ਹਾ ਜਾਂਦਾ ਹੈ ਜਿੱਥੇ ਸੇਵਾ ਉਪਲਬਧ ਕਰਵਾਉਣ ਵਾਲੇ ਉਸ ਨੂੰ ਜਾਣਦੇ ਹਨ ਅਤੇ ਉਸ ਨਾਲ ਕੰਮ ਕਰ ਕੇ ਸਮੱਸਿਆਵਾਂ ਨੂੰ ਹੱਲ ਕਰਦੇ ਹਨ। ਏਕੀਕ੍ਰਿਤ ਕਰਨ ਵਿਚ ਸਹਿਯੋਗ ਲਈ ਮਿਆਰ ਤਹਿ ਕਰਨੇ ਅਤੇ ਉਨ੍ਹਾਂ ਨੂੰ ਲਾਗੂ ਕਰਨਾ ਅਤੇ ਲਗਾਤਾਰ ਸੁਧਾਰ ਕਰਦੇ ਰਹਿਣਾ ਸ਼ਾਮਲ ਹੈ। ਨੌਜਵਾਨਾਂ ਨੂੰ ਵਧੀਆ ਤਜਰਬੇ ਦੇ ਅਧਾਰ ਤੇ ਇੱਕ ਟੀਮ ਵਾਂਗ ਸੇਵਾਵਾਂ ਪ੍ਰਦਾਨ ਕਰਦੇ ਹਨ।

**ਨੌਜਵਾਨਾਂ ਲਈ ਏਕੀਕ੍ਰਿਤ ਸੇਵਾਵਾਂ** ਵਿਚ **ਨੌਜਵਾਨ** ਤੋਂ ਮਤਲਬ ਕਿਸ਼ੋਰ ਤੋਂ ਕਰੀਬ 25 ਸਾਲ ਦੇ ਵਿਅਕਤੀਆਂ ਤੋਂ ਹੈ। ਇਸ ਉਮਰ ਤੇ ਧਿਆਨ ਕੇਂਦ੍ਰਿਤ ਕਰ ਕੇ ਆਈ.ਵਾਈ.ਐੱਸ. ਉਨ੍ਹਾਂ ਵਿਅਕਤੀਆਂ ਤੱਕ ਪਹੁੰਚ ਅਤੇ ਸਹਾਇਤਾ ਕਰਦੀ ਹੈ ਜਦੋ ਉਨ੍ਹਾਂ ਵਿਚ ਸਰੀਰਕ ਚਿੰਤਾਵਾਂ ਜਿਵੇਂ ਕਿ ਦਿਮਾਗ਼ੀ ਸਿਹਤ ਵਿਚ ਵਿਗਾੜ ਜਾਂ ਨਸ਼ੇ ਵਾਲੇ ਪਦਾਰਥਾਂ ਦੀ ਵਰਤੋਂ ਸ਼ੁਰੂ ਹੋ ਸਕਦੀ ਹੈ। ਆਈ.ਵਾਈ.ਐੱਸ. ਐਸੇ ਨੌਜਵਾਨਾਂ ਦੇ ਪਰਵਾਰਕ ਮੈਂਬਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਵੀ ਸਹਾਇਤਾ ਉਪਲਬਧ ਕਰਵਾ ਸਕਦੀ ਹੈ।

ਆਈ.ਵਾਈ.ਐੱਸ. ਆਮ ਤੌਰ ਤੇ ਨੌਜਵਾਨਾਂ ਨੂੰ ਹੇਠਾਂ ਲਿਖੀਆਂ **ਸੇਵਾਵਾਂ** ਪ੍ਰਦਾਨ ਕਰਦੀ ਹੈ:




**ਕੈਨੇਡਾ ਵਿਚ ਏਕੀਕ੍ਰਿਤ ਸੇਵਾਵਾਂ ਉਭਰ ਰਹੀਆਂ ਹਨ। ਇਸ ਦੀ ਇੱਕ ਮਿਸਾਲ ਬੀ.ਸੀ. ਵਿਚ ਫ਼ਾਊਂਡਰੀ ਹੈ। ਫ਼ਾਊਂਡਰੀ 12–24 ਸਾਲ ਦੀ ਉਮਰ ਦੇ ਵਿਅਕਤੀਆਂ ਲਈ ਉੱਪਰ ਲਿਖੀਆਂ ਸੇਵਾਵਾਂ ਇੱਕੋ ਜਗ੍ਹਾ ਪ੍ਰਦਾਨ ਕਰਦੀ ਹੈ। ਇਹ ਸੇਵਾਵਾਂ ਉਨ੍ਹਾਂ ਦੇ ਪਰਵਾਰਕ ਮੈਂਬਰਾਂ, ਦੇਖਭਾਲ ਕਰਨ ਵਾਲਿਆਂ ਲਈ ਵੀ ਉਪਲਬਧ ਹਨ ਇਨ੍ਹਾਂ ਸੇਵਾਵਾਂ ਵਿਚ ਗਰੁੱਪ, ਵਰਕਸ਼ਾਪ, ਕੌਂਸਲਿੰਗ ਅਤੇ ਪੀਰ ਸਪੋਰਟ ਸ਼ਾਮਲ ਹਨ। ਫ਼ਾਊਂਡਰੀ ਆਪਣੀਆਂ ਸੇਵਾਵਾਂ ਸੇਵਾ ਪ੍ਰਦਾਨ ਕਰਨ ਵਾਲਿਆਂ, ਪਰਵਾਰਾਂ/ ਸੇਵਾ ਸੰਭਾਲ ਕਰਨ ਵਾਲਿਆਂ ਅਤੇ ਨੌਜਵਾਨਾਂ ਦੇ ਸਹਿਯੋਗ ਨਾਲ ਡਿਜ਼ਾਈਨ ਕਰਦੀ ਹੈ ਤਾਂ ਕਿ ਇਹ ਸੁਨਿਸ਼ਚਿਤ ਹੋ ਸਕੇ ਕਿ ਸੇਵਾਵਾਂ ਸਭਿਆਚਾਰਕ ਤੌਰ ਤੇ ਸੁਰੱਖਿਅਤ, ਨੌਜਵਾਨਾਂ ਅਨੁਕੂਲ ਅਤੇ ਨੌਜਵਾਨਾਂ ਦੀਆਂ ਲੋੜਾਂ ਪੂਰੀਆਂ ਕਰਨ। ਨੌਜਵਾਨ ਬੀ.ਸੀ. ਵਿਚ ਫ਼ਾਊਂਡਰੀ ਦੇ ਸੈਂਟਰ ਵਿਚ ਆ ਸਕਦੇ ਹਨ, ਸਾਡੀ ਵੈੱਬਸਾਈਟ foundrybc.ca/get-support ਤੇ ਆਨ ਲਾਈਨ ਟੂਲਜ਼ ਅਤੇ ਸਰੋਤਾਂ ਦੀ ਪੜਚੋਲ ਕਰ ਸਕਦੇ ਹਨ ਜਾਂ ਫ਼ਾਊਂਡਰੀ ਬੀ.ਸੀ. ਦੀ ਐਪ ਰਾਹੀਂ ਵਰਚੂਅਲੀ ਸੰਪਰਕ ਕਰ ਸਕਦੇ ਹਨ।**


© 2022, Providence Health Care Society d.b.a. Foundry. All rights reserved.